ਦਫ਼ਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ, ਐਸ.ਏ.ਐਸ.ਨਗਰ।
(ਪ੍ਰਮੋਸ਼ਨ ਸੈੱਲ)

ਦਫ਼ਤਰੀ ਕਾਰਜ ਲਈ ਨੋਟਿਸ

ਵਿਸ਼ਾ- ਓ.ਸੀ.ਟੀ. ਅਤੇ ਨਾਨ-ਟੀਚਿੰਗ Cadre ਤੋਂ ਮਾਸਟਰ ਕਾਡਰ ਦੀਆਂ ਪਦ-ਉੱਨਤੀਆਂ ਸਬੰਧੀ।

ਨੋਟਿਸ (ਈ-558091/2023)/(ਪੀ-3)/2026227491 ਮਿਤੀ : 21.08.2026

1. Punjab Educational (Teaching Cadre) Group 'C' Service Rules 2018, ਅਤੇ ਇੰਨਾਂ ਵਿੱਚ ਸਮੇਂ ਸਮੇਂ ਤੇ ਹੋਈਆਂ ਸੋਧਾਂ ਦੀ ਰੌਸ਼ਨੀ ਵਿੱਚ ਓ.ਸੀ.ਟੀ. ਅਤੇ ਨਾਨ-ਟੀਚਿੰਗ Cadre ਤੋਂ ਮਾਸਟਰ ਕਾਡਰ ਦੀਆਂ ਪਦ-ਉੱਨਤੀਆਂ ਲਈ ਕ੍ਰਮਵਾਰ 4% ਅਤੇ 1% ਕੋਟਾ ਰਾਖਵਾਂ ਕੀਤਾ ਗਿਆ ਹੈ।

2) ਉਕਤ ਨਿਯਮਾਂ ਅਧੀਨ ਓ.ਸੀ.ਟੀ. ਅਤੇ ਨਾਨ-ਟੀਚਿੰਗ Cadre ਕਾਡਰ ਤੋਂ ਮਾਸਟਰ ਕਾਡਰ ਦੀਆਂ ਲਗਭੱਗ 1500 ਆਸਾਮੀਆਂ ਵਿਰੁੱਧ ਪਦ-ਉੱਨਤੀਆਂ ਕੀਤੀਆਂ ਜਾਣੀਆਂ ਹਨ ਅਤੇ ਇਹ ਆਸਾਮੀਆਂ ਦੀ ਗਿਣਤੀ ਵੱਧ/ ਘੱਟ ਸਕਦੀ ਹੈ।

3) ਪਦ-ਉੱਨਤੀਆਂ ਸਬੰਧੀ ਲੋੜੀਂਦੀ ਵਿਦਿਅਕ / ਕਿੱਤਾ ਯੋਗਤਾ ਦੀ ਆਖਰੀ ਮਿਤੀ 31.07.2026 ਨਿਰਧਾਰਿਤ ਕੀਤੀ ਜਾਂਦੀ ਹੈ, ਭਾਵ ਇਸ ਨਿਰਧਾਰਿਤ ਕੀਤੀ ਗਈ ਕੱਟ-ਆਫ-ਡੇਟ ਨੂੰ ਮਾਸਟਰ ਕਾਡਰ ਦੀ ਪਦ-ਉੱਨਤੀ ਲਈ ਹਰੇਕ ਲੋੜੀਂਦੀ ਵਿਦਿਅਕ ਅਤੇ ਕਿੱਤਾ ਯੋਗਤਾ ਪੂਰੀ ਕਰਦਾ ਹੋਣਾ ਲਾਜਮੀ ਹੈ। ਇਸ ਦੇ ਨਾਲ ਹੀ ਮਾਨਯੋਗ ਸੁਪਰੀਮ ਕੋਰਟ ਵੱਲੋਂ Civil Appeal No. 1385 of 2025 – ANJUMAN ISHAT –E- TALEEM TRUST V/s STATE of MAHARASHTRA and Others ਵਿੱਚ ਦਿੱਤੇ ਗਏ ਫੈਸਲੇ / ਮਿਤੀ 01.09.2025 ਦੀ ਰੌਸ਼ਨੀ ਵਿੱਚ ਮਾਸਟਰ ਕਾਡਰ ਦੀਆਂ ਪਦ-ਉੱਨਤੀਆਂ ਲਈ PSTET-2 ਪਾਸ ਹੋਣਾ ਵੀ ਲਾਜਮੀ ਹੈ।

4) ਓ.ਸੀ.ਟੀ. ਅਤੇ ਨਾਨ-ਟੀਚਿੰਗ Cadre ਤੋਂ ਮਾਸਟਰ ਕਾਡਰ ਦੀ ਪਦ-ਉੱਨਤੀ ਦਾ ਚਾਹਵਾਨ ਹਰੇਕ ਕਰਮਚਾਰੀ ਆਪਣਾ ਕੇਸ ਯੋਗ ਪ੍ਰਣਾਲੀ ਰਾਹੀਂ ਮਿਤੀ 26.08.2026 ਤੱਕ ਸਬੰਧਤ ਜਿਲੇ ਦੇ ਦਫ਼ਤਰ ਨੂੰ ਭੇਜਣਾ ਯਕੀਨੀ.ਬਣਾਏਗਾ। ਪਦ-ਉੱਨਤੀ ਦੇ ਕੇਸ ਵਿੱਚ ਹੇਠ ਲਿਖੇ ਅਨੁਸਾਰ ਡੀ.ਡੀ.ਓ. ਵੱਲੋਂ ਤਸਦੀਕਸ਼ੁਦਾ ਦਸਤਾਵੇਜ ਨੱਥੀ ਕਰਕੇ ਭੇਜੇ ਜਾਣ-

(i) ਪਦ-ਉੱਨਤੀ ਦਾ ਪ੍ਰੋਫਾਰਮਾ
(ii) ਨਿਯੁਕਤੀ ਪੱਤਰ ਦੀ ਕਾਪੀ
(iii) ਹਾਜ਼ਰੀ ਰਿਪੋਰਟ
(iv) ਵਿਦਿਅਕ ਅਤੇ ਕਿੱਤਾ ਯੋਗਤਾਵਾਂ ਦੇ ਸਰਟੀਫਿਕੇਟਾਂ ਦੀਆਂ ਤਸਦੀਕੀ ਕਾਪੀਆਂ।
(v) ਪੀ.ਐਸ.ਟੈੱਟ-2 ਪਾਸ ਹੋਣ ਦਾ ਸਰਟੀਫਿਕੇਟ (ਸਬੂਤ) ।
(vi) ਸ਼ਿਕਾਇਤ / ਪੜਤਾਲ ਪੈਂਡਿੰਗ ਨਾ ਹੋਣ ਦਾ ਸਰਟੀਫਿਕੇਟ ਆਦਿ।
(vii) ਕਿਸੇ ਤਰਾਂ ਦਾ ਕੋਈ ਵਿਭਾਗੀ ਜਾਂ ਗੈਰ ਵਿਭਾਗੀ ਮੁਕੱਦਮਾ ਦਰਜ ਨਾ ਹੋਣ ਦਾ ਸਰਟੀਫਿਕੇਟ।
(viii) ਪਿਛਲੇ ਪੰਜ ਸਾਲਾਂ ਦੀਆਂ ਗੁਪਤ ਰਿਪੋਰਟਾਂ।
(ix) ਅ.ਜਾਤੀ / ਡਿਸਏਬਿਲਟੀ ਦਾ ਸਰਟੀਫਿਕੇਟ

5) ਸਬੰਧਤ ਜਿਲ੍ਹਾ ਸਿੱਖਿਆ ਅਫ਼ਸਰ (ਸੈਸਿ / ਐਸਿ) ਵੱਲੋਂ ਨਿਰਧਾਰਿਤ ਸਮੇਂ ਦੇ ਅੰਦਰ ਕੇਸ ਪ੍ਰਾਪਤ ਕੀਤੇ ਜਾਣਗੇ। ਪ੍ਰਾਪਤ ਕੇਸਾਂ ਵਿੱਚ ਸਬੰਧਤ ਡੀ.ਡੀ.ਓਜ਼. ਵੱਲੋਂ ਹਸਤਾਖਰ ਕੀਤੇ ਪ੍ਰੋਫਾਰਮਿਆਂ ਨੂੰ ਸਬੰਧਤ ਜਿਲ੍ਹਾ ਸਿੱਖਿਆ ਅਫ਼ਸਰਾਂ ਵੱਲੋਂ ਪ੍ਰਤੀ ਹਸਤਾਖਰ ਕੀਤਾ ਜਾਵੇਗਾ।

6) ਉਕਤ ਅਨੁਸਾਰ ਮੁਕੰਮਲ ਰੂਪ ਵਿੱਚ ਕੇਸ ਪ੍ਰਾਪਤ ਕਰਕੇ ਅਤੇ ਸਮੂਹ ਕੇਸਾਂ ਦੀਆਂ ਵਿਸ਼ਾਵਾਰ (ਮਾਸਟਰ ਕਾਡਰ ਦੀ ਪਦ-ਉੱਨਤੀ ਦਾ ਵਿਸ਼ਾ) ਸੂਚੀਆਂ ਸਮੇਤ ਕੇਸ ਮਿਤੀ 04.09.2026 ਤੱਕ ਇਸ ਦਫ਼ਤਰ ਵਿਖੇ ਪੁੱਜਦੇ ਕਰਨੇ ਯਕੀਨੀ ਬਣਾਏ ਜਾਣ।

21.8.26

ਸਹਾਇਕ ਡਾਇਰੈਕਟਰ (ਪ੍ਰਮੋਸ਼ਨ)

**ਨੋਟ-**

(i) ਯੂ.ਟੀ. ਪ੍ਰਸ਼ਾਸ਼ਨ ਵਿਖੇ ਡੈਪੂਟੇਸ਼ਨ ਅਧੀਨ ਤੈਨਾਤ ਕਰਮਚਾਰੀ ਆਪਣੇ ਕੇਸ, ਦਫ਼ਤਰ ਜਿਲ੍ਹਾ ਸਿੱਖਿਆ ਅਫ਼ਸਰ, ਯੂ.ਟੀ. ਪ੍ਰਸ਼ਾਸ਼ਨ, ਚੰਡੀਗੜ੍ਹ ਰਾਹੀਂ ਇਸ ਦਫ਼ਤਰ ਵਿਖੇ ਪੁੱਜਦੇ ਕਰਨਗੇ।

(ii) ਕੋਈ ਵੀ ਕਰਮਚਾਰੀ ਆਪਣਾ ਕੇਸ ਸਿੱਧੇ ਤੌਰ ਤੇ ਮੁੱਖ ਦਫ਼ਤਰ ਵਿਖੇ ਪੇਸ਼ ਨਹੀਂ ਕਰੇਗਾ।

(iii) ਕੇਸਾਂ ਵਿੱਚ ਨੱਥੀ ਪਦ-ਉੱਨਤੀਆਂ ਦੇ ਪ੍ਰੋਫਾਰਮਿਆਂ ਵਿੱਚ ਦਰਜ ਸੂਚਨਾਂ ਜਿਲ੍ਹਾ ਪੱਧਰ ਤੇ ਸੰਕਲਿਤ ਕੀਤੀ ਜਾਵੇਗੀ ਅਤੇ ਇਹ ਕੇਵਲ Times New Roman ਫਾਂਟ ਵਿੱਚ ਤਿਆਰ ਕੀਤੀ ਜਾਵੇਗੀ। ਯੂ.ਟੀ. ਪ੍ਰਸ਼ਾਸ਼ਨ ਵਿਖੇ ਤੈਨਾਤ ਕਰਮਚਾਰੀਆਂ ਦੇ ਕੇਸਾਂ ਦੀ ਸੂਚੀ ਵੀ ਦ.ਜਿ.ਸਿ.ਅ., ਯੂ.ਟੀ. ਪ੍ਰਸ਼ਾਸ਼ਨ, ਚੰਡੀਗੜ੍ਹ ਦੇ ਪੱਧਰ ਤੇ ਹੀ ਤਿਆਰ ਕੀਤੀ ਜਾਵੇਗੀ।

(iv) ਮੇਲ ਰਾਹੀਂ ਪ੍ਰਾਪਤ ਸੂਚਨਾਂ / ਕੇਸ ਪਦ-ਉੱਨਤੀਆਂ ਲਈ ਨਹੀਂ ਵਿਚਾਰਿਆ ਜਾਵੇਗਾ।

(v) ਪਦ-ਉੱਨਤੀ ਦਾ ਕੇਸ ਭੇਜਣ ਨਾਲ ਕਰਮਚਾਰੀ ਪਦ-ਉੱਨਤੀ ਦਾ ਦਾਅਵੇਦਾਰ ਨਹੀਂ ਹੋਵੇਗਾ, ਪਦ-ਉੱਨਤੀਆਂ ਕੇਵਲ ਨਿਯਮਾਂ ਅਨੁਸਾਰ, ਰੋਸਟਰ ਨੁਕਤਿਆਂ ਵਿਰੁੱਧ ਮਿਤੀ 31.07.2026 ਤੱਕ ਦੀਆਂ ਖਾਲੀ ਆਸਾਮੀਆਂ ਨੂੰ ਧਿਆਨ ਵਿੱਚ ਰੱਖਿਦਆਂ ਹੀ ਵਿਚਾਰੀਆਂ ਜਾਣੀਆਂ ਹਨ।

ਨੱਥੀ- ਪਦ-ਉੱਨਤੀ ਸਬੰਧੀ ਲੋੜੀਂਦਾ ਪ੍ਰੋਫਾਰਮਾ।

0

| INTER SE SENIORITY No. (if Alloted) | E-punjab Staff ID | Name of the Employee | Designation | School Name | Block | District | Category | Date of Birth | | | Subject of Promotion (Preferencewise) | Details of Graduation | | | | | | Details of B.Ed /B.ed/D.Ped | | | Post Graduate Details (if any) | | | Date of Passing of PSTET -2 | If Qualification was acquired after joining the service, then enter the Order No.and Date of the Permission Order issued by the competent authority | If there is any departmental complaint/ inquiry pending or any court case against the employee, details should be given. | If the employee is a petitioner in any writ petition, the details of the case should be recorded | Disability, (Kind of Dis. %age of Dis.) | Ranking Of ACR's /Last Five Years Only and Special ACR | | | | | | Remarks |
|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|---|
| | | | | | | | | Day | Month | Year | | Name of the University of graduation | Subjects studied in the 1st year of graduation | Subjects studied in the 2nd year of graduation | Subjects studied in the Final year of graduation | Additional subject studied in graduation | Date of passing Graduation | Name of the University of B.ED | Teaching Subjects of B.ed | Date of passing B.Ed | Name of the University of Posgraduation | Subject of Post Graduation | Date of passing Post Graduation | | | | | | 2021-22 | 2022-23 | 2023-24 | 2024-25 | 2025-26 | SPECIAL | |
| | | | | | | | | | | | | | | | | | | | | | | | | | | | | | | | | | | | |